# ਕਰਤਾਰਪੁਰ ਸਾਹਿਬ ਕਿ ਕ੍ਰਿਸ਼ਮਾ?



## ਕਰਤਾਰਪੁਰ– ਜਿੱਥੇ ਗੁਰੂ ਨਾਨਕ ਸਮਾਏ

**ਪਹਿਲਾ ਕ੍ਰਿਸ਼ਮਾ** -ਜਦੋਂ 1539 ਈ. ਵਿਚ ਗੁਰੂ ਸਾਹਿਬ ਸਮਾਏ ਤਾਂ ਉਹਨਾਂ ਦਾ ਪਵਿਤ੍ਰ ਸਰੀਰ ਅਲੋਪ ਹੋ ਗਇਆ। **ਦੂਜਾ ਕ੍ਰਿਸ਼ਮਾ–** ਫਿਰ ਇਕ ਇਨਸਾਨ ਦੇ ਦੋ ਅੰਤਮ ਅਸਥਾਨ ਬਣੇ: ਕਬਰ ਤੇ ਸਮਾਧ। 1583 ਈ. ਵਿਚ ਫਿਰ ਕਬਰ ਤੇ ਸਮਾਧ ਦੋਵੇ ਰੁੜ ਗਈਆਂ ਤੇ ਫਿਰ **ਤੀਸਰਾ ਕ੍ਰਿਸ਼ਮਾ** ਹੋਇਆ। ਇਕ ਇਨਸਾਨ ਦੀਆਂ ਤਿੰਨ ਯਾਦਗਾਰਾਂ (ਕਬਰ ਅਤੇ ਦੋ ਮੜੀਆਂ) ਬਣ ਗਈਆਂ। **ਚੌਥਾ ਕ੍ਰਿਸ਼ਮਾ** 1947 'ਚ ਹੋਇਆ। ਉਦੋਂ ਭਾਰਤ ਦੀ ਵੰਡ ਹੋ ਰਹੀ ਸੀ। ਗੁਰਦਾਸਪੁਰ ਜਿਲਾ ਜਿਸ ਅੰਦਰ ਕਰਤਾਰਪੁਰ ਮੌਜੂਦ ਸੀ, ਪੂਰਾ ਪਾਕਿਸਤਾਨ ਦੇ ਹਿੱਸੇ ਚਲਾ ਗਇਆ। ਪਰ ਰਾਜਨੀਤਕ ਲੀਡਰਾਂ ਨੇ ਵੰਡ ਦੀ ਉਹ ਤਜਵੀਜ ਰੱਦ ਕਰ ਦਿੱਤੀ। ਆਖੀਰ ਗੁਰਦਾਸਪੁਰ ਜਿਲੇ ਦੇ ਦੋ ਟੋਟੇ ਹੋਏ। ਅੱਧਾ ਪਾਕਿਸਤਾਨ ਤੇ ਅੱਧਾ ਹਿੰਦੁਸਤਾਨ ਨੂੰ। ਪਰ ਹੁਣ ਵੰਡ ਦੀ ਲੀਕ ਕਰਤਾਰਪੁਰ ਦੇ ਐਨ ਉਤੋਂ ਦੀ ਖਿੱਚੀ ਗਈ। ਅੱਧਾ ਕਰਤਾਰਪੁਰ ਪਾਕਿਸਤਾਨ ਨੂੰ ਤੇ ਅੱਧਾ ਹਿੰਦੁਸਤਾਨ ਵਿਚ ਭਾਵ ਕਬਰ ਤੇ ਸਮਾਧ ਪਾਕਿਸਤਾਨ ਵਿਚ ਆ ਗਈ ਤੇ ਤੀਸਰੀ ਸਮਾਧ ਡੇਰਾ ਬਾਬਾ ਨਾਨਕ ਹਿੰਦੁਸਤਾਨ ਵਿਚ। ਭਾਵ ਬਾਬੇ ਨਾਨਕ ਨੂੰ ਤੁਸੀ ਨਹੀ ਵੰਡ ਸਕਦੇ। ਬਾਬਾ ਜਾਤਾਂ ਪਾਤਾਂ ਧਰਮਾਂ ਮਜ੍ਹਬਾਂ ਤੋਂ ਉਪਰ ਦੀ ਗਲ ਹੈ। ਪਰ 1947 ਵਿਚ ਲੀਡਰਾਂ ਨੂੰ ਕਰਤਾਰਪੁਰ ਦਾ ਚਿੱਤ ਚੇਤਾ ਵੀ ਨਹੀ ਸੀ। **ਪੰਜਵਾ ਕ੍ਰਿਸ਼ਮਾ** ਹੋਇਆ 2019 ਵਿਚ ਜਦੋਂ ਭਾਰਤ ਤੇ ਪਾਕਿਸਤਾਨ ਦੀ ਨਫਰਤ ਸਿਖਰ ਤੇ ਹੈ। ਕਰਤਾਰਪੁਰ ਦੇ ਲਾਂਘੇ ਲਈ ਅਜਿਹੀ ਹੁਲ ਉਠੀ ਕਿ ਦੋਵੇ ਮੁਲਕ ਭੁੱਲ ਗਏ ਕਿ ਉਹ ਇਕ ਦੂਸਰੇ ਦੇ ਜਾਨੀ ਦੁਸ਼ਮਣ ਹਨ। ਲਾਂਘਾ ਖੁੱਲ ਗਇਆ। **ਬੇਅਦਬੀ ਬੰਦ– ਛੇਵਾਂ ਕ੍ਰਿਸ਼ਮਾ**- ਫਿਰਕਾਪ੍ਰਸਤ ਲਗਾਤਾਰ ਕਈ ਸਾਲਾਂ ਤੋਂ ਸਰਬ ਸਾਂਝੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਵਾ ਰਿਹਾ ਸੀ। ਫਿਰ ਜਦੋਂ ਲਾਂਘਾ ਖੁੱਲ ਰਿਹਾ ਸੀ ਤਾਂ ਉਹਨੂੰ ਹੋਸ਼ ਆਈ ਕਿ ਇਸ ਬੇਅਦਬੀ ਦਾ ਮਤਲਬ ਕੀ ਹੈ? ਭਾਵ ਜੇ ਜਾਰੀ ਰਹੀ ਤਾਂ ਹੋਰ ਜੱਫੀਆਂ ਪੈਣ ਦਾ ਖਤਰਾ।



**ਭਬੀਸ਼ਨ ਸਿੰਘ ਗੁਰਾਇਆ**
**ਜਨਮ 24–1–1951**

20 ਸਾਲ ਕੇਂਦਰ ਸਰਕਾਰ ਦੀ ਨੌਕਰੀ ਉਪਰੰਤ ਦਾਸ ਨੇ ਆਪਣੀ ਸੀਮਿਤ ਬੁੱਧ ਅਨੁਸਾਰ ਸਿੱਖੀ ਪ੍ਰਚਾਰ ਵਿਚ ਯੋਗਦਾਨ ਪਾਉਣ ਦਾ ਉਪਰਾਲਾ ਕੀਤਾ ਹੈ। 14 ਅਪਰੈਲ 1994 ਨੂੰ ਕਰਤਾਰਪੁਰ ਸਾਹਿਬ ਦੇ ਲਾਂਘੇ ਦੀ ਗਲ ਪੰਜਾ ਸਾਹਿਬ ਵਿਖੇ ਪਾਕਿਸਤਾਨੀ ਲੀਡਰਾਂ ਨਾਲ ਚਲਾਈ। 1996/97 ਵਿਚ ਪੰਜਾਬ ਮੋਨੀਟਰ ਰਸਾਲਾ ਸ਼ੁਰੂ ਕੀਤਾ। ਪਾਕਿਸਤਾਨ ਤੋਂ ਮਿਲਦੇ ਹਾਂ ਪੱਖੀ ਜਵਾਬ ਤੋਂ ਬਾਦ, ਜਨਵਰੀ 2001 ਵਿਚ ਸਿੱਖ ਲੀਡਰਾਂ ਨੂੰ ਕਾਮਯਾਬੀ ਨਾਲ ਪ੍ਰੇਰਿਆ ਕਿ ਲਾਂਘੇ ਲਈ ਸ਼ਾਂਤਮਈ ਜੱਦੋਜਹਿਦ ਕਰਨ। ਫਿਰ ਖੁਦ ਲਾਂਘੇ ਦਾ ਪ੍ਰਚਾਰ ਰਾਜਨੀਤਕ ਕਾਨਫ੍ਰੰਸਾਂ, ਸਕੂਲਾਂ ਅਤੇ ਮੇਲਿਆਂ ਵਿਚ ਜਾ ਜਾ ਕੀਤਾ। ਨਾਲ ਹੀ 2011 ਤੋਂ 'ਵੱਧ ਬੱਚੇ ਬਚੇ ਪੰਜਾਬ' ਮੁਹਿੰਮ ਚਲਾ ਕੇ ਲੋਕਾਈ ਨੂੰ ਪੰਜਾਬੀਆਂ ਘੱਟਦੀ ਵਾਧਾ-ਦਰ ਬਾਬਤ ਸੁਚੇਤ ਕੀਤਾ। ਹਾਲਾਂ ਉਸ ਦੇ ਨਤੀਜੇ ਅਜੇ ਦਿਸਣੇ ਸ਼ੁਰੂ ਨਹੀ ਹੋਏ। ਘੱਟੋ ਘੱਟ ਸੁਹਿਰਦ ਵਿਦਵਾਨ ਤਾਂ ਜਰੂਰ ਸੁਚੇਤ ਹੋ ਹੀ ਚੁੱਕੇ ਹਨ।

ਜਿੰਦਗੀਨਾਮਾ ਗੁਰੂ ਨਾਨਕ, ਸਾਹਿਬ ਦੀ ਸੱਚੀ ਮਨੁੱਖਤਾਵਾਦੀ ਸੋਚ ਨੂੰ, ਇਤਹਾਸਿਕ ਅਤੇ ਧਾਰਮਿਕ ਪੱਖੋ ਵਿਸਥਾਰ ਵਿਚ, ਕਾਲ-ਕ੍ਰਮ ਅਨੁਸਾਰ ਲਿਖਣਾ ਨਿਮਾਣੀ ਜਿਹੀ ਕੋਸ਼ਿਸ਼ ਹੈ, ਉਮੀਦ ਹੈ ਗੁਰੂ ਸੰਗਤ ਪ੍ਰਵਾਨ ਕਰੇਗੀ।

ISBN 978-93-5396-998-1
9 789353 969981

www.jindaginama.com